ਈਸਟ ਅਫਰੀਕਨ

ਨਾਮਧਾਰੀ ਸੰਗਤ
ਹੈਡ ਆਫਿਸ ਨੈਰੋਬੀ

ਦੇ

ਨਿਯਮ ਉਪਨਿਯਮ

"ਰਾਮਗੜ੍ਹੀਆ ਪ੍ਰੈਸ" ਸ਼ਿਮਲਾ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਈਸਟ ਅਫਰੀਕਨ ਨਾਮਧਾਰੀ

ਸੰਗਤ, ਹੈਡ ਆਫਿਸ, ਨੈਰੋਬੀ

ਦੇ ਨਿਯਮਾਂ ਤੇ ਉਪਨਿਯਮਾ ਦਾ ਖਰੜਾ

੧ ਨਾਮ:

ਇਸ ਸੰਸਥਾ ਦਾ ਨਾਮ "ਈਸਟ ਅਫਰੀਕਨ ਨਾਮਧਾਰੀ ਸੰਗਤ" ਹੋਵੇਗਾ। ਇਸ ਸੰਸਥਾ ਨੂੰ ਇਹਨਾਂ ਨਿਯਮਾਂ ਵਿਚ ਸਭ ਥਾਂਵੇ "ਸੰਗਤ" ਕਹਿਕੇ ਆਖਿਆ ਜਾਇਗਾ। "ਨਾਮਧਾਰੀ" ਤੋਂ ਭਾਵ ਉਸ ਨਾਮਧਾਰੀ, ਸੰਤ ਖਾਲਸਾ ਪਧਿਤ ਤੋਂ ਹੋਵੇਗਾ ਜਿਸ ਨੂੰ ਸਿਖ ਧਰਮ ਦੇ ਬਾਨੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਸਾਹਿਬ ਦੀ ੧੨ ਜੋਤ ਸ੍ਰੀ ਸਤਿਗੁਰ ਰਾਮ ਸਿੰਘ ਜੀ ਸਾਹਿਬ ਨੇ ਵਜੂਦ ਵਿਚ ਆਂਦਾ, ਪਰਚਾਰਿਆ ਤੇ ਆਪਣੇ ਜੀਵਨ ਦੇ ਨਮੂਨੇ ਤੇ ਢਾਲਿਆ। "ਸਤਿਗੁਰੂ ਜੀ" ਤੋਂ ਭਾਵ ਇਹਨਾਂ ਨਿਯਮਾਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਾਂ-ਨਸ਼ੀਨਾਂ ਤੋਂ ਹੋਵੇਗਾ। ਮੌਜੂਦਾ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਸਾਹਿਬ, ਭੈਣੀ ਸਾਹਿਬ, ਜ਼ਿਲਾ ਲੁਧਿਆਣਾ ਈਸਟ ਪੰਜਾਬ ਵਾਲਿਆਂ ਤੋਂ ਹੋਵੇਗਾ। "ਸੂਬਾ ਜੀ" ਤੋਂ ਭਾਵ ਉਸ ਸਥਾਨਕ ਸ਼ਖਸੀਅਤ ਦਾ ਹੋਵੇਗਾ ਜਿਸ ਨੂੰ ਸਤਿਗੁਰੂ ਜੀ ਇਸ ਮਰਤਬੇ ਤੇ ਨੀਯਤ ਕਰਨਗੇ।

੨ ਅਸਥਾਨ :

ਸੰਗਤ ਦਾ ਹੈਡ–ਆਫਿਸ ਨੈਰੋਬੀ (ਕੀਨੀਆ ਕਾਲੋਨੀ) ਵਿਚ ਹੋਵੇਗਾ।

੩ ਇਸ ਸੰਗਤ ਦੇ ਹਰਤਾ, ਕਰਤਾ ਤੇ ਧਰਤਾ ਸ੍ਰੀ ਸਤਿਗੁਰੂ ਜੀ ਹੋਵਣਗੇ :

(ੳ) ਸਤਿਗੁਰ ਜੀ ਨੂੰ ਪੂਰਾ ਹੱਕ ਹੋਵੇਗਾ ਕਿ ਉਹ ਸੰਗਤ ਨੂੰ ਵਜੂਦ ਵਿਚ ਰਹਿਣ ਦੇਣ ਜਾਂ ਬਿਲਕੁਲ ਹੱਟਾ ਦੇਣ।

(ਅ) ਇਸ ਸੰਗਤ ਦਾ ਮਾਲ ਮਤਾਅ, ਕੁਲ ਜਾਇਦਾਦ (ਮਨਕੂਲਾ ਜਾਂ ਗੈਰ ਮਨਕੂਲਾ) ਸਭੋ ਸਤਿਗੁਰ ਜੀ ਦੀ ਮਲਕੀਅਤ ਹੋਵਣਗੀਆਂ।

(ੲ) ਸੰਗਤ ਦੇ ਹਰ ਮਾਮਲੇ ਦਾ ਅੰਤਮ ਫੈਸਲਾ ਸਤਿਗੁਰ ਜੀ ਦੇ ਹਥ ਹੋਵੇਗਾ।

੪ ਟਰੱਸਟੀਆਂ ਦਾ ਬੋਰਡ :

ਸੰਗਤ ਦੀ ਜਾਇਦਾਦ ਦੀ ਸੰਭਾਲ ਵਾਸਤੇ।

(ੳ) ਪੰਜਾਂ ਟਰਸਟੀਆਂ ਦਾ ਬੋਰਡ ਸ੍ਰੀ ਸਤਿਗੁਰ ਜੀ ਆਪ ਥਾਪਣਗੇ ਜਿਨ੍ਹਾਂ ਨੂੰ ਹਟਾਣ ਜਾਂ ਮੁਕਰਰ ਕਰਨ ਦਾ ਹੱਕ ਸਿਰਫ ਸਤਿਗੁਰ ਜੀ ਨੂੰ ਹੀ ਹੋਵੇਗਾ।

(ਅ) ਇਸ ਬੋਰਡ ਵਿਚ ਸੂਬਾ ਜੀ ਜਾਂ ਕਾਇਮ–ਮੁਕਾਮ ਸੂਬਾ ਜੀ ਅਤੇ ੪ ਹੋਰ ਮੈਂਬਰ ਹੋਣਗੇ।

(ੲ) ਇਹਨਾਂ ਪੰਜਾਂ ਵਿਚੋਂ ਕਾਨੂੰਨੀ ਕਾਰਵਾਈ ਸਮੇਂ ਸਿਰਫ

ਚੌਂਹ ਦੇ ਦਸਖਤ ਕਾਫੀ ਸਮਝੇ ਜਾਣਗੇ, ਪਰ ਇਹ ਚਾਰ ਟਰਸਟੀ ਜਾਇਦਾਦ ਦੀ ਸੰਭਾਲ ਦੇ ਸਤਿਗੁਰ ਜੀ ਅਗੇ ਪੂਰੇ ੨ ਜ਼ਿਮੇਵਾਰ ਸਮਝੇ ਜਾਣਗੇ।

(ਸ) ਸਤਿਗੁਰ ਜੀ ਦੇ ਲਿਖਤੀ ਹੁਕਮ ਤੋਂ ਬਗੈਰ ਟਰਸਟੀਆਂ ਨੂੰ ਕੋਈ ਹਕ ਨਹੀਂ ਹੋਵੇਗਾ ਕਿ ਉਹ ਇਸ ਜਾਇਦਾਦ ਨੂੰ ਵੇਚਣ, ਵਧਾਣ ਤੇ ਰੈਹਨ ਰਖਣ ਆਦਿਕ ਮੁਤਲਕ ਦੀ ਕੋਈ ਕਾਨੂੰਨੀ ਕਾਰਵਾਈ ਕਰ ਸਕਣ।

੫ ਮੁਖ–ਮੰਤਵ :

(ੳ) ਸੰਗਤ ਦਾ ਸਭ ਤੋਂ ਵੱਡਾ ਮੁਖ–ਮੰਤਵ ਸਾਰੇ ਸਿਖ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਪ੍ਰਚਾਰ ਕਰਨਾ ਹੋਵੇਗਾ ਜਿਸ ਵਿਚ ਸਾਹਿਬ ਸਤਿਗੁਰ ਰਾਮ ਸਿੰਘ ਜੀ ਅਤੇ ਆਪਨੇ ਜਾਂ ਨਸ਼ੀਨਾਂ ਦੀ ਸੁਰਜੀਤ ਕੀਤੀ ਸਿਖੀ ਮਰਯਾਦਾ ਤੇ ਅਮਲ ਕਰਨ ਦਾ ਖਾਸ ਜ਼ੋਰ ਦਿਤਾ ਜਾਵੇਗਾ ਅਤੇ ਉਹਨਾਂ ਦੇ ਚਲਾਇ ਹੁਕਮਾਂ ਦੀ ਪਾਲਣਾ ਕਰਨਾ ਹੋਵੇਗਾ।

(ਅ) ਸਰਬ ਪ੍ਰਮਾਣੀਕ–ਗੁਰਬਾਣੀਆਂ, ਅਥਵਾ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ, ਸ੍ਰੀ ਦਸਮ–ਗ੍ਰੰਥ ਸਾਹਿਬ ਜੀ, ਬਾਣੀ ਭਾਈ ਗੁਰਦਾਸ ਜੀ, ਬਾਣੀ ਭਾਈ ਨੰਦ ਲਾਲ ਜੀ, ਅਨੁਸਾਰ ਦੱਸੇ ਗੁਰ ਸਿਖੀ ਰਹੁਰੀਤ ਤੇ ਗੁਰਮੁਖ–ਮਾਰਗ ਦਾ ਦ੍ਰਿੜਾਉਣਾ। ਏਸੇ ਨੂੰ ਮੁਖ ਰਖਦੇ ਹੋਇ ਸੰਗਤ, ਮੈਂਬਰਾਂ ਤੇ ਹਿਤੈਸ਼ੀਆਂ ਦੇ ਘਰਾਂ

ਵਿਖੇ ਅਖੰਡ-ਪਾਠਾਂ ਸਪਤਾਹਕ-ਪਾਠਾਂ, ਸਹਿਜ-ਪਾਠਾਂ, ਵਰਨੀਆਂ, ਜਪੁ-ਪ੍ਰਯੋਗ, ਸ਼ਬਦ-ਕੀਰਤਨ ਜੋੜ-ਮੇਲ ਤੇ ਅਨੰਦ-ਕਾਰਜਾਂ ਆਦਿਕ ਕਰਨ ਦਾ ਪ੍ਰਬੰਧ ਕਰੇਗੀ ।

(ੲ) ਸਿਖ-ਇਤਿਹਾਸ ਦੀ ਸੱਚੀ ਸੁੱਚੀ ਖੋਜ ਪੜਤਾਲ ਨੂੰ ਉਭਾਰਨਾ ।

(ਸ) ਮੈਂਬਰਾਂ ਤੇ ਪੰਥ ਵਿਚੋਂ ਊਚ ਨੀਚਤਾ ਦੇ ਭੇਦ ਨੂੰ ਦੂਰ ਕਰਨ ਖਾਤਰ, ਗੁਰੂ ਕੀ ਸੰਗਤ ਤੇ ਪੰਗਤ ਅਥਵਾ ਖਾਲਸਾ ਭਾਈਚਾਰਾ ਮਹਾਂ ਮਰਯਾਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਰਾਮ ਸਿੰਘ ਜੀ ਅੰਮ੍ਰਿਤ ਪ੍ਰਚਾਰ ਰਾਹੀਂ ਪੈਦਾ ਕਰਨਾ ।

(ਹ) ਨਾਮ, ਦਾਨ, ਇਸਨਾਨ, ਹੋਮ, ਨੇਮ, ਸੁਚ ਸੋਧ ਅਤੇ ਨਾਮ ਅਭਿਆਸ ਰਾਹੀਂ ਉਚੇ ਨਾਮਧਾਰੀ ਸਿਖੀ-ਜੀਵਨ ਨੂੰ ਗੁਰ ਸਿਖਾਂ ਵਿਚ ਦ੍ਰਿੜਾਉਣਾ ।

(ਕ) ਵੰਡ-ਛਕਣਾ, ਧਰਮ ਦੀ ਕਿਰਤ ਕਰਨੀ ਅਤੇ ਪਰਾਇਆ ਹੱਕ ਨਾ ਰਖਣਾ ਆਦਿਕ ਦੀ ਮਰਯਾਦਾ ਅਨਸਾਰ ਮੈਂਬਰਾਂ ਵਿਚ ਉਚਾ ਭਾਈਚਾਰਕ ਤੇ ਵਿਵਹਾਰਕ ਜੀਵਨ ਪੈਦਾ ਕਰਨਾ ।

(ਖ) ਮਾਸ, ਸ਼ਰਾਬ, ਤਮਾਕੂ ਅਤੇ ਨਸ਼ੇ ਆਦਿਕ ਦੀ ਵਰਤੋਂ ਦਾ ਪ੍ਰਚਾਰ ਕਰਨਾਂ ।

(ਗ) ਨਾਮਧਾਰੀ ਖਾਲਸਾ ਜੀ ਵਿਚੋਂ ਪਾਖੰਡ, ਭਰਮ, ਭੂਤ, ਸੀਤਲਾ, ਗੋਰ, ਮੜੀ, ਮੱਟ ਬੁਤ-ਪੂਜਾ, ਜੰਤ੍ਰ-ਮੰਤ੍ਰ, ਟੂਣੇ ਆਦਿਕਾਂ ਨੂੰ ਹਟਾਣ ਦੇ ਯਤਨ ਕਰਨੇ ।

(ਘ) ਵਿਵਰਜਤ ਮੇਲੇ, ਤਮਾਸ਼ੇ, ਜੂਆ, ਚੋਰੀ, ਯਾਰੀ ਆਦਿਕ ਕੁਰੀਤੀਆਂ ਨੂੰ ਹਟਾਣਾ।

(ਙ) ਭਾਈਚਾਰੇ ਦੇ ਅਉਗਣ ਅਥਵਾ ਜੰਦ ਮੇਲ, ਵਿਆਹਾਂ ਵਿਖੇ ਦਾਜ ਪਾਜ ਮੰਗਣੇ, ਜਨਮ ਸੰਸਕਾਰਾਂ ਤੇ ਵਿਖਾਲੇ ਦੇ ਵਾਧੂ ਖਰਚੇ ਦੀਆਂ ਰਸਮਾਂ ਹਟਾਕੇ ਉਹਨਾਂ ਦੀ ਥਾਵੇਂ ਸਤਿਗੁਰ ਰਾਮ ਸਿੰਘ ਜੀ ਅਤੇ ਆਪ ਦੇ ਜਾਂ ਨਸ਼ੀਨ ਸਾਹਿਬਾਨ ਵਲੋਂ ਰਾਇਜ ਕੀਤੇ ਸਉਖੇ ਤੇ ਸਾਦੇ ਤਰੀਕੇ ਵਰਤੋਂ ਵਿਚ ਲਿਆਉਣੇ।

(ਚ) ਨਾਮਧਾਰੀ ਪੰਥ, ਮੈਂਬਰਾਂ ਤੇ ਲੋਕ ਭਲਾਈ ਲਈ ਦਿਨੀਅਰ–ਸਕੂਲ, ਰਾਤ੍ਰੀ–ਸਕੂਲ ਯੁਵਕ ਸਕੂਲਾਂ ਜੈਸੇ ਆਸ਼ਰਮ ਅਤੇ ਪਬਲਿਕ ਆਸ਼ਰਮ ਲਾਇ-ਬ੍ਰੇਰੀਆਂ, ਆਰਾਮ ਘਰ ਅਤੇ ਯਤੀਮ–ਖ਼ਾਨੇ ਖੋਲ੍ਹਣੇ।

(ਛ) ਨਾਮਧਾਰੀ ਪੰਥ ਦੀਆਂ ਵਿਧਵਾਵਾਂ ਤੇ ਅਨਾਥ ਬਚਿਆਂ ਨੂੰ ਮਾਇਕ ਮੱਦਦ ਦੇਣ ਦੇ ਵਸੀਲੇ ਪੈਦਾ ਕਰਨੇ।

(ਜ) ਨਾਮਧਾਰੀ ਪੰਥ ਦੇ ਲੋੜਵੰਦ ਹੋਣਹਾਰ ਵਿਦਿਆਰ-ਥੀਆਂ ਲਈ ਵਜ਼ੀਫਿਆਂ ਆਦਿਕ ਦਾ ਪ੍ਰਬੰਧ ਕਰਨਾ।

(ਝ) ਪ੍ਰਚਾਰ ਖਾਤਰ ਨਾਮਧਾਰੀ ਪੰਥ ਦੇ ਉਘੇ ਮਹਾਪੁਰਸ਼ਾਂ, ਸੰਤ ਸਾਹਿਬਾਨ, ਪ੍ਰਚਾਰਕਾਂ, ਲੈਕਚਰਾਰਾਂ ਅਤੇ ਰਾਗੀ–ਜਥਿਆਂ ਨੂੰ ਦੇਸ਼ੋਂ ਮੰਗਵਾਉਣਾ।

(ਞ) ਈਸਟ ਅਫ਼੍ਰੀਕਾ ਵਿਚ ਸੰਗਤ ਦੀਆਂ ਸ਼ਾਖਾਂ ਖੋਹਲ-ਣੀਆਂ ਅਤੇ ਆਪਣੇ ਨਾਲ ਸੰਬੰਧਤ ਕਰਨੀਆਂ।

(ਟ) ਦੇਸ ਵਿਚ ਦੇ ਨਾਮਧਾਰੀ ਆਸ਼ਰਮਾਂ ਨੂੰ ਮਾਇਕ–

ਸਹਾਇਤਾ ਆਦਿਕ ਦਾ ਪ੍ਰਬੰਧ ਕਰਨਾ।

(ਠ) ਮੈਂਬਰਾਂ ਤੇ ਪੰਥ ਦੇ ਝਗੜੇ ਝੰਬੇਲੇ ਸਾਲਸੀ ਤਰੀਕੇ ਨਾਲ ਕੋਰਟਾਂ ਕਚਹਿਰੀਆਂ ਤੋਂ ਬਾਹਰ ਫੈਸਲੇ ਕਰਨੇ ਕਰਾਨੇ।

੬ ਮੈਂਬਰੀ ਦੀਆਂ ਸ਼ਰਤਾਂ:

(ੳ) ੧੮ ਸਾਲ ਦੀ ਉਮਰ ਦੇ ਤੇ ਉਪਰ ਨਾਮਧਾਰੀ ਪੰਥ ਦੇ ਪੁਰਸ਼ ਤੇ ਇਸਤ੍ਰੀਆਂ ਸੰਗਤ ਦੇ ਮੈਂਬਰ ਬਣ ਸਕਣਗੇ।

(ਅ) ਹਰ ਇਕ ਮੈਂਬਰ ਨੂੰ ਸੰਗਤ ਦੇ ਨਿਯਮਾਂ ਦੀ ਪਾਲਣਾ ਕਰਨ ਵਾਸਤੇ ਮੈਂਬਰੀ ਫਾਰਮ ਜਮੀਮੇ (ੳ) ਵਿਚ ਦਿਤਾ ਹੋਇਆ ਭਰਨਾ ਪਵੇਗਾ ਜਿਸ ਨਾਲ ਸੰਗਤ ਦੀ ਬੇਹਤਰੀ ਵਾਸਤੇ ਤਨੋ, ਮਨੋ, ਤੇ ਧਨੋਂ, ਕੰਮ ਕਰਨ ਵਾਸਤੇ ਪ੍ਰਣ ਕਰਨਾ ਪਵੇਗਾ।

(ੲ) ਸੰਗਤ ਦੀ ਸਾਧਾਰਣ ਮੈਂਬਰੀ ਦਾ ਚੰਦਾ ਢਾਈ ਸ਼ਲਿੰਗ ਮਾਹਵਾਰ ਹੋਵੇਗਾ।

(ਸ) ਦੋ ਸੌ ਪੰਜਾਹ ਇੱਕਠਾ ਦੇਣ ਵਾਲਾ ਸਜਣ ਸੰਗਤ ਦਾ ਸਦੀਵ-ਮੈਂਬਰ ਬਣ ਸਕੇਗਾ।

(ਹ) ਪੰਜ ਸੌ ਇੱਕਠਾ ਦੇਣ ਵਾਲੇ ਮੈਂਬਰ ਨੂੰ ਸੰਗਤ ਦੀ ਮੈਨੇਜਿੰਗ ਕਮੇਟੀ ਸੰਗਤ ਦੀ ਸਰਪਰਸਤੀ ਦਾ ਹਕ ਦੇ ਸਕੇਗੀ।

(ਕ) ਜਿਸ ਕਿਸੇ ਮੈਂਬਰ ਦੀ ਚੰਦੇ ਦੀ ਵਸੂਲੀ ਮਹੀਨੇ ਵਧ ਤੋਂ ਬਕਾਇਆ ਹੋ ਜਾਇ ਉਸ ਨੂੰ ਮੈਨੇਜਿੰਗ ਕਮੇਟੀ

ਮੈਂਬਰੀ ਤੋਂ ਖਾਰਜ ਕਰ ਸਕੇਗੀ। ਐਸੇ ਮੈਂਬਰ ਨੂੰ ਚੰਦਾ ਪੂਰਾ ਦੇਣ ਤੋਂ ਪਹਿਲਾਂ ਵੋਟ ਦੇਣ ਦਾ ਕੋਈ ਹਕ ਨਹੀਂ ਹੋਵੇਗਾ।

(ਖ) ਜਿਸ ਮੈਂਬਰ ਦਾ ਆਚਰਣ ਸੰਗਤ ਦੇ ਨਿਯਮਾਂ ਦੇ ਅਨਕੂਲ ਨਹੀਂ ਹੋਵੇਗਾ ਅਤੇ ਉਸ ਵਿਭਚਾਰ ਮਾਸ਼ ਸ਼ਰਾਬ ਅਹਾਰ ਆਦਿਕ ਨਖੇਧ ਕਰਮਾਂ ਵਿਚ ਪ੍ਰਵਿਰਤ ਹੋਵੇਗਾ ਸਤਿਗੁਰ ਜੀ ਦੇ ਹੁਕਮ ਨਾਲ ਉਸ ਨੂੰ ਮੈਂਬਰੀ ਤੋਂ ਖਾਰਜ ਕੀਤਾ ਜਾਵੇਗਾ।

(ਗ) ਨੈਰੋਬੀ ਤੋਂ ਬਾਹਰ ਰਹਿਣ ਵਾਲਾ ਸਜਣ ਪ ਸ਼ਲਿੰਗ ਸਾਲਾਨਾ ਚੰਦਾ ਦੇ ਕੇ ਆਪਣੀ ਮੈਂਬਰੀ ਕਾਇਮ ਰਖ ਸਕਦਾ ਹੈ।

੭ ਸੰਗਤ ਦਾ ਪ੍ਰਬੰਧ :

(ੳ) ਸੰਗਤ ਦੇ ਪ੍ਰਬੰਧ–ਕਰਤਾ ਦੋ ਭਾਗ (੧) ਮੈਨੇਜਿੰਗ ਕਮੇਟੀ ਤੇ (੨) ਜਨਰਲ ਕਮੇਟੀ ਹੋਣਗੇ।

(ਅ) ਸੰਗਤ ਦੇ ਸਾਰੇ ਕਾਰ–ਵਿਹਾਰ ਚਲਾਣ ਦੀ ਜਿਮੇਵਾਰ ਸਮੁਚੀ ਤੌਰ ਤੇ ਇਸ ਦੀ ਮੈਨੇਜਿੰਗ ਕਮੇਟੀ ਹੋਵੇਗੀ, ਜਿਸ ਨੂੰ ਇਸ ਦੀ ਜਨਰਲ ਕਮੇਟੀ ਹਰ ਸਾਲ ਆਪਨੇ ਸਾਲ਼ਾਨੇ ਦੀਵਾਨ ਵਿਚ ਚੁਣੇਗੀ।

(ੲ) ਜਨਰਲ ਕਮੇਟੀ ਤੋਂ ਭਾਵ ਸੰਗਤ ਦੇ ਸਾਰੇ ਕਾਇਮ ਮੈਂਬਰਾਂ ਤੋਂ ਹੋਵੇਗਾ।

੮ ਜਨਰਲ ਕਮੇਟੀ ਤੇ ਇਸ ਦੇ ਕੰਮ ਕਾਰ :

(ੳ) ਜਨਰਲ ਕਮੇਟੀ ਆਪਣੀ ਸਾਲਾਨਾ ਇਕਤ੍ਰਤਾ ਹਮੇਸ਼ਾ

ਹੋਲੇ ਦੇ ਦੀਵਾਨ ਤੋਂ ਇਕ ਮਹੀਨਾ ਪਿਛੋਂ ਕਰਿਆ ਕਰੇਗੀ, ਅਤੇ ਏਸੇ ਦੀਵਾਨ ਵਿਚ ਹੀ ਇਸ ਇਕਤ੍ਰਤਾ ਦੀ ਤਾਰੀਖ ਮੁਕਰਰ ਕਰਕੇ ਸੁਣਾ ਦੇਵੇਗੀ। ਲਿਖਤੀ ਤੌਰ ਤੇ ਭੀ ਇਸ ਇਕਤ੍ਰਤਾ ਦੀ ਤਾਰੀਖ ਹਰੇਕ ਮੈਂਬਰ ਤਕ ਪੁਚਾਈ ਜਾਵੇਗੀ।

(ਅ) ਜਨਰਲ ਕਮੇਟੀ ਦੀ ਸਾਲਾਨਾ ਇਕਤ੍ਰਤਾ ਵਾਸਤੇ ੨੫ ਮੈਂਬਰਾਂ ਦਾ ਕੋਰਮ ਹੋਵੇਗਾ।

(ੲ) ਪਿਛਲੇ ਸਾਲ ਦੀ ਮੈਨੇਜਿੰਗ ਕਮੇਟੀ ਆਪਣੀ ਕਾਰ-ਗੁਜ਼ਾਰੀ (ਰਪੋਰਟ) ਜਨਰਲ ਕਮੇਟੀ ਦੀ ਸਾਲਾਨਾ ਇਕਤ੍ਰਤਾ ਵਿਚ ਪੇਸ਼ ਕਰੇਗੀ।

(ਸ) ਅਗਲੇ ਆਉਣ ਵਾਲੇ ਸਾਲ ਦੀ ਮੈਨੇਜ਼ਿੰਗ ਕਮੇਟੀ ਸੂਬਾ ਜੀ ਤੋਂ ਸਵਾ ਜਨਰਲ ਕਮੇਟੀ ਦੀ ਏਸੇ ਸਾਲਾਨਾ ਇੱਕਤ੍ਰਤਾ ਵਿਚ ਚੁਣੀ ਜਾਇਗੀ।

(ਹ) ਜਨਰਲ ਕਮੇਟੀ ਦੀਆਂ ਖਾਸ ਇਕਤ੍ਰਤਾਵਾਂ ਪੂਰੇ ੧੫ ਦਿਨ ਦੇ ਨੋਟਿਸ ਤੇ ਸਾਲ ਵਿਚ ਕਦੇ ਭੀ ਬੁਲਾਈਆਂ ਜਾ ਸਕਣਗੀਆਂ।

(ਕ) ਕੋਰਮ ਦੀ ਅਨਹੋਂਦ ਕਰਕੇ ਅਗਰ ਜਨਰਲ ਕਮੇਟੀ ਦੀਆਂ ਦੋ ਇਕਤ੍ਰਤਾਵਾਂ ਨਾ ਹੋ ਸਕਣਗੀਆਂ ਤਾਂ ਤੀਸਰੀ ਇਕਤ੍ਰਤਾ ਵਿਚ ਕੋਰਮ ਤੋਂ ਬਗੈਰ ਹੀ ਏਜੰਡੇ ਦੀ ਕਾਰਵਾਈ ਕਰ ਲਈ ਜਾਏਗੀ।

(ਖ) ਕੋਈ ੨੦ ਮੈਂਬਰ ਦਸਤਖਤ ਕਰਕੇ ਅਗਰ ਉਚੇਚੀ ਦਰਖਾਸਤ ਸਕੱਤ੍ਰ ਜੀ ਨੂੰ ਕਰਨ ਤੇ ਆਪਣਾ ਪ੍ਰਯੋਜਨ ਪੂਰੇ ੩੦ ਦਿਨ ਦੇ ਨੋਟਿਸ ਤੇ ਦਸਣ ਤਾਂ ਜਨਰਲ

ਕਮੇਟੀ ਦੀ ਉਚੇਚੀ ਇਕਤ੍ਰਤਾ ਬੁਲਾਈ ਜਾ ਸਕੇਗੀ।

(ਗ) ਜਨਰਲ ਕਮੇਟੀ ਆਪਣੀ ਸਾਲਾਨਾ ਜਨਰਲ ਇਕਤ੍ਰਤਾ ਵਿਚ ਆਡਿਟਰ (ਪੜਤਾਲੀਏ) ਦੀ ਚੋਣ ਕਰਿਆ ਕਰੇਗੀ।

੮ ਮੈਨੇਜਿੰਗ ਕਮੇਟੀ ਤੇ ਇਸ ਦੇ ਕੰਮ ਕਾਰ:

(ੳ) ਮੈਨੇਜਿੰਗ ਕਮੇਟੀ ਦੀ ਬਣਤਰ ਹੇਠ ਲਿਖੇ ਸੇਵਾਦਾਰਾਂ ਤੇ ਮੈਂਬਰਾਂ ਨਾਲ ਬਣੇਗੀ, ਪ੍ਰਧਾਨ, ਮੀਤ–ਪ੍ਰਧਾਨ, ਸਕਤ੍ਰ, ਮੀਤ ਸਕਤ੍ਰ, ਖਜ਼ਾਨਚੀ, ਸੂਬਾ ਜੀ ਅਤੇ ੭ ਹੋਰ ਕਮੇਟੀ ਦੇ ਮੈਂਬਰ।

(ਅ) ਸੂਬਾ ਜੀ ਤੋਂ ਸਵਾ, ਜੋਕਿ ਸਤਿਗੁਰ ਜੀ ਦੇ ਸਥਾਪਤ ਕੀਤੇ ਹੋਣਗੇ ਉਪਰ (ੳ) ਵਿਚ ਆਇ ਸਭ ਸੇਵਾਦਾਰ ਅਤੇ ਮੈਂਬਰ ਰੂਲ ਨੰ: ੮ ਦੇ (ਸ) ਮੁਤਾਬਿਕ ਜਨਰਲ ਕਮੇਟੀ ਦੀ ਸਾਲਾਨਾ ਜਨਰਲ ਇਕਤ੍ਰਤਾ ਵਿਚ ਚੁਣੇ ਜਾਣਗੇ।

(ੲ) ਮੈਨੇਜਿੰਗ ਕਮੇਟੀ ਸੰਗਤ ਦੇ ਸਮੁਚੇ ਇੰਤਜ਼ਾਮ ਦੀ ਜਿਮੇਵਾਰ ਚੁਣੇ ਗਏ ਸਾਲ ਵਾਸਤੇ ਹੋਵੇਗੀ।

(ਸ) ਮੈਂਬਰਾਂ ਅਤੇ ਨਾਮਧਾਰੀ ਸੰਤ ਖਾਲਸਾ ਜੀ ਦੀ ਧਾਰਮਿਕ, ਵਿਦਿਅਕ, ਭਾਈਚਾਰਕ ਅਤੇ ਵਿਵਹਾਰਕ ਅਵਸਥਾ ਨੂੰ ਚੜ੍ਹਦੀਆਂ ਕਲਾਂ ਵਿਚ ਖੜਨ ਦੀ ਜਿਮੇਵਾਰੀ ਮੈਨੇ: ਕਮੇਟੀ ਦੀ ਹੋਵੇਗੀ ਅਤੇ ਇਸ ਬਾਰੇ ਹਰ ਮੁਮਕਿਨ ਯਤਨ ਪ੍ਰਯਤਨ ਜਾਰੀ ਰਖੇਗੀ।

(ਹ) ਮੈਨੇ: ਕਮੇਟੀ ਸੰਗਤ ਦੀਆਂ ਸਭ ਮੱਦਾ ਤੇ ਸੰਸਥਾਵਾਂ

ਦੇ ਠੀਕ ਠੀਕ ਚਲਣ ਦੀ ਜਿਮੇਵਾਰ ਹੋਵੇਗੀ।

(ੳ) ਸੰਗਤ ਨਾਲ ਸੰਜੁਕਤ ਅਤੇ ਮੀਤ -ਸੰਸਥਾਵਾਂ ਦੇ ਹੱਕਾਂ ਦੀ ਰਾਖੀ ਤੇ ਉਹਨਾਂ ਦੀ ਸਾਰੀ ਸਾਰ ਰਖਣੀ ਮੈਨੇਜਿੰਗ ਕਮੇਟੀ ਨੂੰ ਕਰਨੀ ਪਵੇਗੀ।

(ਖ) ਮੈਨੇਜਿੰਗ ਕਮੇਟੀ ਨੂੰ ਹੱਕ ਹੋਵੇਗਾ ਕਿ ਉਹ ਸੰਗਤ ਦੀਆਂ ਸੰਸਥਾਵਾਂ ਵਾਸਤੇ ਤਨਖਾਹਦਾਰ ਸਟਾਫ ਤੇ ਸੇਵਾਦਾਰ ਰਖ ਤੇ ਕਢ ਸੱਕੇ ਅਤੇ ਉਹਨਾਂ ਨਾਲ ਲੋੜੀਂਦੇ ਇਕਰਾਰਨਾਮੇ ਆਦਿਕ ਸੰਗਤ ਵਲੋਂ ਕਾਨੂੰਨੀ ਤੌਰ ਤੇ ਕਰ ਸਕੇ।

(ਗ) ਮੈਨੇਃ ਕਮੇਟੀ ਨੂੰ ਸੰਗਤ ਦੇ ਖਜ਼ਾਨੇ ਦੀ ਸੰਭਾਲ ਤੇ ਦੇਖ ਭਾਲ ਕਰਨੀ ਪਵੇਗੀ ਤੇ ਆਮਦਨ ਖਰਚ ਦੇ ਖਰੜੇ ਨਿਯਮਾਂ ਅਨੁਸਾਰ ਤਿਆਰ ਕਰਨੇ ਕਰਵਾਨੇ ਪੈਣਗੇ।

(ਘ) ਸੰਗਤ ਦੀ ਜਾਇਦਾਦ (ਪ੍ਰਾਪਰਟੀ) ਅਥਵਾ ਇਮਾਰਤ, ਮਾਲ ਮਤਾਅ ਦੀ ਸੰਭਾਲ ਤੇ ਉਹਨਾਂ ਦੀ ਲੋੜੀਂਦੀ ਮੁਰੰਮਤ ਕਰਨ ਕਰਾਨ ਦੀ ਜਿਮੇਵਾਰੀ ਮੈਨੇਃ ਕਮੇਟੀ ਦੀ ਹੋਵੇਗੀ।

(ਙ) ਮੈਨੇਜਿੰਗ ਕਮੇਟੀ ਨੂੰ ਹਕ ਨਹੀਂ ਹੋਵੇਗਾ ਕਿ ਉਹ ਜਨਰਲ ਕਮੇਟੀ ਅਤੇ ਸਤਿਗੁਰ ਜੀ ਦੀ ਆਗਿਆ ਬਗੈਰ ਸੰਗਤ ਦੇ ਚਾਲੂ—ਕਾਰਜਾਂ ਪਰ ਜਿਨ੍ਹਾਂ ਵਿਚ ਗ੍ਰੰਥੀ ਦੀ ਤਨਖਾਹ, ਪਾਣੀ ਬੱਤੀ ਆਦਿਕ, ਸੇਵਾਦਾਰ (ਬੋਈ) ਦੀ ਤਨਖਾਹ, ਕਾਗਜ਼-ਪਤ੍ਰ ਦੀ ਕੀਮਤ ਸਮਝੇ ਜਾਣਗੇ, ਪੰਜ ਹਜ਼ਾਰ ਸਾਲਾਨਾ ਤੋਂ ਵੱਧ

ਖਰਚ ਕਰ ਸਕੇ। ਖਾਸ ਕਾਰਜਾਂ ਵਾਸਤੇ ਖਰਚ ਕਰਨ ਵਾਸਤੇ ਜਨਰਲ ਕਮੇਟੀ ਅਤੇ ਸਤਿਗੁਰ ਜੀ ਦੀ ਆਗਿਆ ਪ੍ਰਾਪਤ ਕਰਨੀ ਹਰ ਹਾਲਤ ਵਿਚ ਉਚਿਤ ਹੋਵੇਗੀ।

(ਚ) ਮੈਨੇਜਿੰਗ ਕਮੇਟੀ ਦੀਆਂ ਆਮ ਇਕਤ੍ਰਤਾਵਾਂ ਹਰ ਵਲੈਤੀ-ਮਹੀਨੇ ਦੇ ਪਹਿਲੇ ਐਤਵਾਰ ਆਮ ਤੌਰ ਤੇ ਹੋਇਆ ਕਰਨਗੀਆਂ।

(ਛ) ਇਸ ਦੀਆਂ ਖਾਸ ਇਕਤ੍ਰਤਾਵਾਂ ਇਕ ਹਫਤੇ ਦੇ ਨੋਟਿਸ ਤੇ ਕਦੀ ਭੀ ਬੁਲਾਈਆਂ ਜਾ ਸਕਣਗੀਆਂ।

(ਜ) ਕਮੇਟੀ ਮੈਂਬਰ ਦੇ ਅਸਤੀਫਾ ਦੇਣ ਤੇ ਖਾਲੀ ਹੋਈ ਜਗ੍ਹਾ ਪਰ ਮੈਨੇ ਕਮੇਟੀ ਨਵੇਂ ਕਮੇਟੀ ਮੈਂਬਰ ਦੀ ਚੋਣ ਆਪ ਕਰ ਸਕੇਗੀ।

(ਝ) ਅਗਰ ਪ੍ਰਧਾਨ ਜਾਂ ਸਕਤ੍ਰ ਜਾਂ ਖਜ਼ਾਨਚੀ ਜੀ ਨੇ ਅਸਤੀਫਾ ਦੇਣਾ ਹੋਵੇ ਤਾਂ ਏਹਨਾਂ ਨੂੰ ਪੂਰੇ ੩੦ ਦਿਨ ਦਾ ਨੋਟਿਸ ਦੇਣਾ ਪਵੇਗਾ ਤਾਂ ਜੋ ਇਹਨਾਂ ਦੀ ਜਗ੍ਹਾ ਨਵਾਂ ਸੇਵਾਦਾਰ ਜਨਰਲ ਕਮੇਟੀ ਦੀ ਇਕਤ੍ਰਤਾ ਸਦਕੇ ਸਹਿਜੇ ਚੁਣਿਆ ਜਾ ਸਕੇਗਾ।

(ਞ) ਮੈਨੇਜਿੰਗ ਕਮੇਟੀ ਦੇ ਕੋਰਮ ਵਾਸਤੇ ਪ੍ਰਧਾਨ ਜਾਂ ਮੀਤ ਪ੍ਰਧਾਨ, ਸਕਤ੍ਰ ਜਾਂ ਮੀਤ-ਸਕਤ੍ਰ, ਖਜ਼ਾਨਚੀ, ਸੂਬਾ ਜੀ ਜਾਂ ਕਾਇਮ-ਮੁਕਾਮ ਸੂਬਾ ਜੀ ਅਤੇ ਤਿੰਨ ਕਮੇਟੀ ਦੇ ਮੈਂਬਰਾਂ ਦੀ ਹਾਜ਼ਰੀ ਜਰੂਰੀ ਹੋਵੇਗੀ।

(ਟ) ਮੈਨੇਜਿੰਗ ਕਮੇਟੀ ਨੂੰ ਹੱਕ ਹਾਸਲ ਹੋਵੇਗਾ ਕਿ ਉਹ ਮੀਤ-ਸਕਤ੍ਰ, ਮੀਤ-ਖਜ਼ਾਨਚੀ, ਲਾਇਬ੍ਰੇਰੀਅਨ,

ਸਟੋਰ–ਕੀਪਰ, ਗ੍ਰੰਥੀ, ਜਥੇਦਾਰ ਲੰਗਰ ਅਤੇ ਭੰਡਾਰੀ ਚਾਹੇ ਮੈਨੇਜਿੰਗ ਕਮੇਟੀ ਵਿਚੋਂ ਜਾਂ ਜਨਰਲ ਮੈਂਬਰਾਂ ਵਿਚੋਂ ਚੁਣਕੇ ਸਥਾਪਤ ਕਰ ਸਕੇ।

(ਠ) ਸੰਗਤ ਦੇ ਸਭ ਆਮ ਤੇ ਖਾਸ ਦੀਵਾਨਾਂ ਦੇ ਪ੍ਰਬੰਧ ਦੀ ਜਿਮੇਵਾਰ ਮੈਨੇਜਿੰਗ ਕਮੇਟੀ ਹੋਵੇਗੀ।

(ਡ) ਮੈਨੇਜਿੰਗ ਕਮੇਟੀ ਨੂੰ ਹੱਕ ਹੋਵੇਗਾ ਕਿ ਸੰਗਤ ਦੇ ਖਾਸ ਕਾਰਜਾਂ ਵਾਸਤੇ ਸੱਬ–ਕਮੇਟੀਆਂ ਤੇ ਸੇਵਾਦਾਰ ਥਾਪ ਸਕੇ।

(ਢ) ਮੈਨੇਜਿੰਗ ਕਮੇਟੀ ਨੂੰ ਅਖਤਿਆਰ ਹੋਵੇਗਾ ਕਿ (ਪ੍ਰਧਾਨ ਜੀ ਤੋਂ ਸਵਾ) ਸਭ ਸੇਵਾਦਾਰਾਂ ਪਾਸੋਂ ਉਹਨਾਂ ਦੀ ਕਾਰਗੁਜਾਰੀ ਤੇ ਸੇਵਾ ਬਾਰੇ ਰਪੋਰਟਾਂ ਆਦਿਕ ਮੰਗ ਸਕੇ।

੧੦ ਪ੍ਰਧਾਨ ਜੀ ਦੇ ਅਧਿਕਾਰ ਤੇ ਜਿਮੇਵਾਰੀਆਂ :

(ੳ) ਪ੍ਰਧਾਨ ਜੀ ਸਮੁਚੇ ਤੌਰ ਤੇ ਜਿਮੇਵਾਰ ਹੋਣਗੇ ਕਿ ਸੰਗਤ ਦੀਆਂ ਸ਼ੱਭ ਮੱਦਾਂ ਤੇ ਸੰਸਥਾਵਾਂ ਠੀਕ ੨ ਚਲਣ ਤੇ ਉਹਨਾਂ ਦੀ ਨਿਗਰਾਨੀ ਕਰਨੀ ਪ੍ਰਧਾਨ ਜੀ ਦਾ ਕੰਮ ਹੋਵੇਗਾ।

(ਅ) ਪ੍ਰਧਾਨ ਜੀ, ਸੰਗਤ ਦੀ ਮੈਨੇਜਿੰਗ ਕਮੇਟੀ, ਜਨਰਲ ਕਮੇਟੀ ਦੀਆਂ ਇਕਤ੍ਰਤਾਵਾਂ ਤੇ ਆਮ ਤੇ ਖਾਸ ਦੀਵਾਨਾਂ ਦੀ ਪ੍ਰਧਾਨਗੀ ਕਰਨਗੇ ਅਤੇ ਉਹਨਾਂ ਦੇ ਠੀਕ ਤੇ ਸਫਲਤਾ ਨਾਲ ਸੰਪੂਰਨ ਕਰਾਣ ਦੇ ਜਿਮੇ-ਵ ਰ ਹੋਣਗੇ।

(ੲ) ਪ੍ਰਧਾਨ ਜੀ ਨੂੰ ਇਖਿਤਿਆਰ ਹੋਵੇਗਾ ਕਿ ਉਹ ਸੰਗਤ ਦੇ ਖਾਸ ਕਾਰਜਾਂ ਵਾਸਤੇ ਅਉਕੜ ਸਮੇ ਸਾਲ ਵਿਚ ਦੋ ਵਾਰੀ ੨੦੦) ਦੋ ਸੌ ਸ਼ਲਿੰਗ ਦੇ ਖਰਚੇ ਦੀ ਆਗਿਆ ਮੈਨੇਜਿੰਗ ਕਮੇਟੀ ਦੀ ਪ੍ਰਧਾਨਗੀ ਤੋਂ ਬਗੈਰ ਦੇ ਸਕਣ।

(ਸ) ਪ੍ਰਧਾਨ ਜੀ ਆਪਣੀ ਮਜਬੂਰੀ ਸਮੇਂ ਮੀਤ-ਪ੍ਰਧਾਨ ਜੀ ਨੂੰ ਪਤਾ ਦੇਣਗੇ ਅਤੇ ਆਪਣੀ ਜਿਮੇਵਾਰੀ ਉਹਨਾਂ ਨੂੰ ਸੌਂਪ ਸਕਣਗੇ।

(ਕ) ਬਰਾਬਾਰ ਵੋਟਾਂ ਦੇ ਫੈਸਲੇ ਸਮੇਂ ਪ੍ਰਧਾਨ ਜੀ ਦੀਆਂ ਦੋ ਵੋਟਾਂ ਹੋਣਗੀਆਂ।

੧੧. ਮੀਤ-ਪ੍ਰਧਾਨ ਜੀ ਦੇ ਅਧਿਕ ਜਿਮੇਵਾਰੀਆਂ :

(ੳ) ਪ੍ਰਧਾਨ ਜੀ ਦੀਆਂ ਸਭ ਜਿਮੇਵਾਰੀਆਂ ਵਿਚ ਸਹਾ-ਇਤਾ ਕਰਨੀ।

(ਅ) ਪ੍ਰਧਾਨ ਜੀ ਦੀ ਮਜਬੂਰੀ ਜਾਂ ਗੈਰ-ਹਾਜ਼ਰੀ ਸਮੇਂ ਉਹਨਾਂ ਦੀ ਜਗ੍ਹਾ ਕੰਮ ਕਰਨਾ।

੧੨. ਸਕਤ੍ਰ ਜੀ ਦੇ ਅਧਿਕਾਰ ਤੇ ਜਿਮੇਵਾਰੀਆਂ :

(ੳ) ਸਕਤ੍ਰ ਜੀ ਸਾਰੀਆਂ ਮੈਨੇਜਿੰਗ ਕਮੇਟੀਆਂ ਅਤੇ ਜਨਰਲ ਕਮੇਟੀਆਂ ਦੀਆਂ ਇਕਤ੍ਰਤਾਵਾਂ ਦੇ ਬੁਲਾਉਣ ਦੇ ਜਿਮੇਵਾਰ ਹੋਣਗੇ ਅਤੇ ਇਹਨਾਂ ਇਕਤ੍ਰਤਾਵਾਂ ਵਾਸਤੇ ਲੋੜੀਂਦੀ ਪੁਛ ਪੜਤਾਲ ਤਿਆਰ ਕਰਨਗੇ।

(ਅ) ਸਕਤ੍ਰ ਜੀ ਮੈਨੇਜਿੰਗ ਕਮੇਟੀ ਤੇ ਜਨਰਲ ਕਮੇਟੀ ਦੀਆਂ ਸਾਰੀਆਂ ਇਕਤ੍ਰਤਾਵਾਂ ਦੀ ਕਾਰਵਾਈ, ਕਾਰ-ਵਾਈ-ਰਜਿਸਟਰ (ਮਿਨਟ-ਬੁਕ) ਵਿਚ ਦਰਜ ਕਰਨਗੇ।

(ੲ) ਸੰਗਤ ਦੇ ਸਭ ਦੀਵਾਨਾਂ ਨੂੰ ਸਜਾਣ ਦਾ ਪ੍ਰਬੰਧ ਕਰਨਾ ਅਤੇ ਉਹਨਾਂ ਨੂੰ ਸਫਲ ਨਾਲ ਸੰਪੂਰਨ ਕਰਨ ਵਿਚ ਪ੍ਰਧਾਨ ਜੀ ਦੀ ਮਦਦ ਕਰਨੀ।

(ਸ) ਸਕਤ੍ਰ ਜੀ, ਸੰਗਤ ਦੇ ਸਭ ਮੱਦਾਂ ਤੇ ਸਟਾਫ ਅਤੇ ਉਹਨਾਂ ਦੇ ਕੰਮ ਕਾਰ ਦੀ ਨਿਗਰਾਨੀ ਕਰਨਗੇ।

(ਹ) ਸਕਤ੍ਰ ਜੀ, ਸੰਗਤ ਦੀ ਜਾਇਦਾਦ ਅਤੇ ਮਾਲ ਮਤਆ ਦੀ ਨਿਗਰਾਨੀ ਰਖਣਗੇ ਅਤੇ ਉਸ ਦੀ ਮੁਰੰਮਤ ਆਦਿਕ ਦਾ ਪ੍ਰਬੰਧ ਕਦਨਗੇ।

(ਕ) ਅਤਿ ਲੋੜ ਵੇਲੇ ਪਧਾਨ ਸਾਹਿਬ ਦੇ ਹੁਕਮ ਨਾਲ ਸੰਗਤ ਦੇ ਜ਼ਰੂਰੀ ਕੰਮਾਂ ਤੇ ਸਕਤ੍ਰ ਜੀ ਪੰਜਾਹ ਸ਼ਲਿੰਗ ਤਕ ਇਕ ਸਾਲ ਵਿਚ ਦੋ ਬਾਰੀ ਖਰਚ ਕਰ ਸਕਣਗੇ।

(ਖ) ਸਕਤ੍ਰ ਸਾਹਿਬ ਲੋੜ ਅਨੁਸਾਰ ਸੰਗਤ ਦੇ ਸੇਵਾਦਾਰਾਂ ਪਾਸੋਂ ਉਹਨਾਂ ਦੇ ਕੰਮ ਦੀ ਕਾਰਗੁਜ਼ਾਰੀ ਦੀ ਰਪੋਰਟ ਕਿਸੇ ਵੇਲੇ ਭੀ ਮੰਗ ਸਕਦੇ ਹਨ।

(ਗ) ਸੰਗਤ ਦੀ ਚਿੱਠੀ-ਪਤ੍ਰ ਦੀ ਪੂਰਤੀ ਅਤੇਂ ਸੰਭਾਲ ਕਰਨੀ, ਸਕਤ੍ਰ ਜੀ ਦੀ ਜਿਮੇਵਾਰੀ ਹੋਵੇਗੀ।

੧੩. ਖਜ਼ਾਨਚੀ ਜੀ ਦੇ ਅਧਿਕਾਰ ਤੇ ਜਿਮੇਵਾਰੀਆਂ :

(ੳ) ਸੰਗਤ ਦੇ ਖਜ਼ਾਨੇ ਦੀ ਕੈਸ਼ ਦੇ ਹਿਸਾਬ ਅਤੇ ਦੂਸਰੇ ਹਿਸਾਬ–ਕਿਤਾਬ ਦੇ ਜਿਮੇਵਾਰ ਖਜ਼ਾਨਚੀ ਜੀ ਹੋਣਗੇ।

(ਅ) ਖਜ਼ਾਨਚੀ ਜੀ ਦੀ ਜਿਮੇਵਾਰੀ ਹੋਵੇਗੀ ਕਿ ਦੋ ਸੌ ਸ਼ਲਿੰਗ ਤੋਂ ਉਪਰ ਜਦੋਂ ਭੀ ਕੈਸ਼ ਉਹਨਾਂ ਕੋਲ ਹੋ ਜਾਇ ਸੰਗਤ ਦੇ ਬੈਂਕ ਅਕਾਊਂਟ ਵਿਚ ਜਮਾ ਕਰਾ ਦੇਣ ਅਤੇ ਲੋੜ ਵੇਲੇ, ਪ੍ਰਧਾਨ ਜੀ, ਸਕਤ੍ਰ ਜੀ ਅਤੇ ਆਪਣੇ ਤਿੰਨਾ ਦਸਖਤਾਂ ਨਾਲ ਹੀ ਬੈਂਕ ਵਿਚੋਂ ਮਾਇਆ ਕਢਾ ਸਕਣਗੇ, ਇਹਨਾਂ ਤਿੰਨਾਂ ਦਸਖਤਾਂ ਤੋਂ ਬਗੈਰ ਮਾਇਆ ਕਢਾਣ ਦਾ ਕੋਈ ਹਕ ਖਜ਼ਾਨਚੀ ਜੀ ਨੂੰ ਨਹੀਂ ਹੋਵੇਗਾ।

(ੲ) ਖਜ਼ਾਨਚੀ ਜੀ ਦਾ ਫਰਜ਼ ਹੋਵੇਗਾ ਕਿ ਸੰਗਤ ਦੇ ਆਮਦਨ ਖਰਚ ਦੇ ਮਾਹਵਾਰੀ, ਤਿਮਾਹੀ, ਤੇ ਸਾਲਾਨਾ ਚਿਠੇ ਤਿਆਰ ਕਰਕੇ ਮੈਨੇਜਿੰਗ ਕਮੇਟੀ ਅਤੇ ਜਨਰਲ ਕਮੇਟੀ ਦੀ ਪ੍ਰਵਾਨਗੀ ਵਾਸਤੇ ਪੇਸ਼ ਕਰਨ।

(ਸ) ਖਜ਼ਾਨਚੀ ਜੀ ਨੂੰ ਸੰਗਤ ਦੇ ਮੈਂਬਰਾਂ ਦੀ ਮੁਕੰਮਲ ਲਿਸਟ ਹਰ ਵਕਤ ਤਿਆਰ ਰਖਣੀ ਪਵੇਗੀ ਅਤੇ ਚੰਦੇ ਦੀ ਉਗਰਾਹੀ ਦਾ ਰੀਕਾਰਡ ਭੀ ਮੁਕੰਮਲ ਰਖਣਾ ਪਵੇਗਾ।

(ਹ) ਸੰਗਤ ਦੇ ਆਡਿਟਰ ਅਤੇ ਆਡਿਟਰਜ਼ ਵਲੋਂ ਮੰਗ ਆਉਣ ਤੇ ਖਜ਼ਾਨਚੀ ਜੀ ਸੰਗਤ ਦੀਆਂ ਕਿਤਾਬਾਂ ਹਿਸਾਬ ਦੀ ਪੜਤਾਲ ਵਾਸਤੇ ਪੇਸ਼ ਕਰਨਗੇ।

(ਕ) ਖਜ਼ਾਨਚੀ ਜੀ ਨੂੰ ਕੋਈ ਹਕ ਨਹੀਂ ਹੋਵੇਗਾ ਕਿ ਸੰਗਤ ਦੀਆਂ ਛਪੀਆਂ ਰਸੀਦਾਂ ਤੋਂ ਬਗੈਰ ਹੋਰ ਰਸੀਦਾਂ ਤੇ ਸੰਗਤ ਦੀ ਮਾਇਆ ਵਸੂਲ ਕਰਨ।

੧੪. ਮੀਤ ਸਕਤ੍ਰ ਜੀ ਦੇ ਅਧਿਕਾਰ ਤੇ ਜਿਮੇਵਾਰੀਆਂ :

(ੳ) ਸਕਤ੍ਰ ਜੀ ਦੀ ਹਰ ਜਿਮੇਵਾਰੀ ਵਿਚ ਸਹਾਇਤਾ ਕਰਨੀ।

(ਅ) ਸਕਤ੍ਰ ਜੀ ਦੀ ਮਜਬੂਰੀ ਜਾਂ ਗੈਰ-ਹਾਜ਼ਰੀ ਸਮੇਂ ਉਹਨਾਂ ਦੀ ਥਾਂਵੇ ਸੰਗਤ ਦੀ ਸੇਵਾ ਦਾ ਕੰਮ ਕਰਨਾ।

੧੫. ਮੀਤ-ਖਜ਼ਾਨਚੀ ਜੀ ਦੇ ਅਧਿਕਾਰ ਤੇ ਜਿਮੇਵਾਰੀਆਂ :

(ੳ) ਖਜ਼ਾਨਚੀ ਜੀ ਦੀ ਹਰ ਜਿਮੇਵਾਰੀ ਵਿਚ ਸਹਾਇਤਾ ਕਰਨੀ।

(ਅ) ਖਜ਼ਾਨਚੀ ਜੀ ਦੀ ਮਜਬੂਰੀ ਜਾਂ ਗੈਰ-ਹਾਜ਼ਰੀ ਸਮੇਂ ਉਹਨਾਂ ਦੀ ਥਾਵੇਂ ਸੰਗਤ ਦੀ ਸੇਵਾ ਦਾ ਕੰਮ ਕਰਨਾ।

੧੬. ਲਾਇਬ੍ਰੇਰੀਅਨ ਜੀ ਦੇ ਅਧਿਕਾਰ ਤੇ ਜ਼ਿਮੇਵਾਰੀਆਂ :

(ੳ) ਲਾਇਬ੍ਰੇਰੀਅਨ ਜੀ ਦਾ ਫਰਜ ਹੋਵੇਗਾ ਕਿ ਸੰਗਤ ਦੀ ਲਾਇਬ੍ਰੇਰੀ ਅਥਵਾ ਲਾਇਬ੍ਰੇਰੀਆਂ ਨੂੰ ਠੀਕ ਤਰ੍ਹਾਂ ਚਲਦਾ ਰੱਖਣ।

(ਅ) ਸੰਗਤ ਦੀ ਲਾਇਬ੍ਰੇਰੀ ਦੀਆਂ ਪੁਸਤਕਾਂ, ਰਸਾਲਿਆਂ, ਹਫਤਾਵਾਰਾਂ ਅਥਵਾ ਸਭ ਅਖਬਾਰਾਂ ਦਾ ਮੁਕੰਮਲ ਰੀਕਾਰਡ ਅਤੇ ਸੰਭਾਲ ਰਖਣੀ।

(ੲ) ਸਮੇਂ ੨ ਨਵੀਆਂ ਪੁਸਤਕਾਂ ਅਖਬਾਰਾਂ ਆਦਿਕ ਦੀਆਂ ਲਿਸਟਾਂ ਤੇ ਖਰਚੇ ਦੇ ਖਰੜੇ ਮੈਨੇਜਿੰਗ ਕਮੇਟੀ ਦੇ ਪੇਸ਼ ਕਰਦੇ ਰਹਿਣਾਂ।

੧੭. ਸਟੋਰ-ਕੀਪਰ ਜੀ ਦੇ ਅਧਿਕਾਰ ਤੇ ਜਿਮੇਵਾਰੀਆਂ :

(ੳ) ਸੰਗਤ ਦੇ ਸਭ ਸਾਮਾਨ ਅਥਵਾ ਫਰਨੀਚਰ, ਤੰਬੂ, ਕਨਾਤਾਂ, ਦਰੀਆਂ, ਬਰਤਨਾਂ, ਗਲੀਚਿਆਂ, ਰੁਮਾਲੇ, ਚਦਰਾਂ ਆਦਿਕ ਦਾ ਰੀਕਾਰਡ ਮੁਕੰਮਲ ਰਖਣਾ।

(ਅ) ਸਕਤ੍ਰ ਜੀ ਦੀ ਆਗਿਆ ਨਾਲ ਮੈਂਬਰਾਂ ਦੀ ਘਰੀਂ ਵਰਤੋਂ ਵਾਸਤੇ ਭਾਂਡੇ ਆਦਿਕ ਦੇਣੇ ਤੇ ਵਾਪਸ ਲੈਣੇ ਤੇ ਸਟੋਰ ਵਿਚ ਰਖਣੇ ਉਹਨਾਂ ਦਾ ਫਰਜ ਹੋਵੇਗਾ। ਇਹ ਬਰਤਨ ਆਦਿਕ ੧੦੦) ਸ਼ਿਲਿੰਗ ਦੇ ਡਿਪਾਜ਼ਿਟ ਤੇ ਦਿਤੇ ਜਾਇਆ ਕਰਨਗੇ।

੧੮. ਜਥੇਦਾਰ ਲੰਗਰ ਦੇ ਅਧਿਕਾਰ ਤੇ ਜਿਮੇਵਾਰੀਆਂ :

(ੳ) ਸੰਗਤ ਦੇ ਸਭ ਦੀਵਾਨਾਂ ਅਤੇ ਗੁਰਪੁਰਬਾਂ ਪਰ, ਗੁਰੂ ਕੇ ਲੰਗਰ ਦਾ ਪ੍ਰਬੰਧ ਕਰਨਾ ਅਤੇ ਉਸ ਨੂੰ ਕਾਮਯਾਬੀ ਨਾਲ ਚਲਾਣਾ।

(ਅ) ਮੈਂਬਰਾਂ ਪਾਸੋਂ ਗੁਰੂ ਕੇ ਲੰਗਰ ਵਾਸਤੇ ਰਸਦਾਂ ਆਦਿਕ ਰਸੀਦ ਕਰਨੀਆਂ ਅਤੇ ਉਹਨਾਂ ਦੀ ਵਰਤੋਂ ਦਾ ਪੂਰਾ ੨ ਵੇਰਵਾ ਲਿਖਤੀ ਰਖਣਾ।

੧੯. ਭੰਡਾਰੀ ਜੀ ਦੀ ਜਿਮੇਵਾਰੀ :

(ੳ) ਸੰਗਤ ਦੇ ਸਰਬਤ ਦੀਵਾਨਾਂ ਤੇ ਮੈਂਬਰਾਂ ਦੇ ਘਰੀਂ ਸੰਸਕਾਰਾਂ ਪਰ ਗੁਰੂ ਕੀ ਦੇਗ ਤਿਆਰ ਕਰਨੀ।

੨੦. ਆਡਿਟਰਜ਼ (ਪੜਤਾਲੀਏ) :

ਰੂਲ ਨੰ: ੮ ਦੇ (ਗ) ਅਨੁਸਾਰ ਨੀਯਤ ਕੀਤੇ ਆਡਿਟਰ ਸੰਗਤ ਦੀਆਂ ਕਿਤਾਬਾਂ ਦੀ ਪੜਤਾਲ ਸਾਲ ਵਿਚ ਕੰਮ ਅਜ਼ ਕੰਮ ਇਕ ਵੇਰੀ ਜਰੂਰ ਕਰਨਗੇ ਅਤੇ ਉਹਨਾਂ ਦਾ ਫਰਜ ਹੋਵੇਗਾ ਕਿ ਆਪਣੀ ਰਪੋਰਟ ਜਨਰਲ ਕਮੇਟੀ ਦੀ ਸਾਲਾਨਾ ਜਨਰਲ ਇਕਤ੍ਰਤਾ ਵਿਚ ਪੇਸ਼ ਹੋਣ ਵਾਸਤੇ ਵਕਤ ਸਿਰ ਭੇਜ ਦੇਣ।

੨੧. ਜਨਰਲ (ਫੁਟਕਲ) :

(ੳ) ਕਿਸੇ ਭੀ ਨਿਯਮ ਦੀ ਤਰਮੀਮ ਜਾਂ ਅਦਲਾ ਬਦਲੀ ਕੇਵਲ ਸਤਿਗੁਰ ਜੀ ਦੇ ਹੁਕਮ ਨਾਲ ਹੀ ਹੋ ਸਕੇਗੀ। ਪਰ ਜਨਰਲ ਕਮੇਟੀ ਆਪਣੀ ਸਫਾਰਸ਼ ਸਤਿਗੁਰ ਜੀ ਪਾਸ ਭੇਜ ਸਕਦੀ ਹੈ।

(ਅ) ਹਿਸਾਬ ਕਿਤਾਬ ਦਾ ਸਾਲ ਸੰਗਤ ਵਾਸਤੇ ਹਰ ਸਾਲ ਪਹਿਲੀ ਅਪ੍ਰੈਲ ਤੋਂ ਸ਼ੁਰੂ।

(ੲ) ਸੂਬਾ ਜੀ ਦੀ ਗੈਰਹਾਜਰੀ ਵਿਚ ਇਹਨਾਂ ਨਿਯਮਾਂ ਦੀ ਪੂਰਤੀ ਵਾਸਤੇ ਉਹਨਾਂ ਦੇ ਕਾਇਮ ਮੁਕਾਮ ਪ੍ਰਮਾਣੀਕ ਸਮਝੇ ਜਾਣਗੇ, ਪਰ ਉਹਨਾਂ ਦੀ ਪ੍ਰਮਾਣੀ-ਕਤਾ ਦੀ ਮਨਜ਼ੂਰੀ ਸਤਿਗੁਰ ਜੀ ਤੋਂ ਪ੍ਰਾਪਤ ਕੀਤੀ ਜਾਇਗੀ।

(ਸ) ਸੰਗਤ ਦੇ ਬਰਤਨ ਘਰ ਲਿਜਾਣ ਵਾਲੇ ਸਜਣ ਦੀ ਜਿਮੇਵਾਰੀ ਹੋਵੇਗੀ ਕਿ ਉਹਨਾਂ ਨੂੰ ਸਹੀ–ਸਲਾਮਤ ਘਰ ਤੇ ਪੁਚਾਵੇ। ਤੇ ਟੁੱਟੇ ਭਜੇ, ਗਵਾਚੇ ਭਰਕੇ ਦੇਵੇ।

(ਹ) ਈਸਟ ਅਫਰੀਕਾ ਵਿਚ ਦੀਆਂ ਨੈਰੋਬੀ ਤੋਂ ਬਾਹਰ-ਲੀਆਂ ਨਾਮਧਾਰੀ ਸੰਸਥਾਵਾਂ ੫) ਸ਼ਃ (ਪੰਜ ਸ਼ਲਿੰਗ) ਸਾਲਾਨਾ ਚੰਦਾ ਈਸਟ, ਅਃ ਨਾਮਧਾਰੀ ਸੰਗਤ ਹੈਡ ਆਫਿਸ ਨੂੰ ਦੇਣ ਨਾਲ ਇਸ ਨਾਲ ਕਾਨੂੰਨੀ ਤੌਰ ਤੇ ਸੰਬੰਧਤ ਸਮਝੀਆਂ ਜਾਣਗੀਆਂ।